IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਮਹਾਰਾਜਾ ਰਣਜੀਤ ਸਿੰਘ ਦੇ ਲੋਕ-ਪੱਖੀ ਚਰਿੱਤਰ ਨੂੰ ਪੇਸ਼ ਕਰਦਾ ਨਾਟਕ : ਲੋਕ ਮਨਾਂ ਦਾ ਰਾਜਾ

**Shilpa (Research Scholar)**
**(Desh Bhagat University Mandi Gobindgarh)**

**Dr. Renu Sharma**
**(Associate Professor & Incharge,**
**Faculty of Social Sciences and Languages**
**Desh Bhagat University Mandi Gobindgarh)**

"ਲੋਕ ਮਨਾਂ ਦਾ ਰਾਜਾ" ਪੰਜਾਬੀ ਰੰਗਮੰਚ ਦਾ ਇੱਕ ਮਹੱਤਵਪੂਰਨ ਇਤਿਹਾਸਕ ਨਾਟਕ ਹੈ, ਜੋ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਵਿਰਾਸਤ ਨੂੰ ਕੇਂਦਰ ਬਣਾ ਕੇ ਰਚਿਆ ਗਿਆ ਹੈ। ਇਹ ਨਾਟਕ ਪੰਜਾਬੀ ਨਾਟਕਕਾਰ ਡਾ. ਸਤੀਸ਼ ਕੁਮਾਰ ਵਰਮਾ ਵੱਲੋਂ ਲਿਖਿਆ ਗਿਆ ਹੈ, ਜੋ ਪੰਜਾਬੀ ਸਾਹਿਤ ਅਤੇ ਰੰਗਮੰਚ ਵਿੱਚ ਚੌਥੀ ਪੀੜ੍ਹੀ ਦੇ ਨਾਟਕਕਾਰ ਵਜੋਂ ਜਾਣੇ ਜਾਂਦੇ ਹਨ। ਇਹ ਨਾਟਕ ਮਹਾਰਾਜਾ ਨੂੰ "ਲੋਕ ਮਨਾਂ ਦਾ ਰਾਜਾ" ਵਜੋਂ ਚਿੱਤਰਦਾ ਹੈ, ਜੋ ਉਹਨਾਂ ਦੀ ਲੋਕ-ਕਲਿਆਣਕਾਰੀ ਨੀਤੀਆਂ, ਧਾਰਮਿਕ ਸਹਿਣਸ਼ੀਲਤਾ ਅਤੇ ਫੌਜੀ ਵੀਰਤਾ ਨੂੰ ਉਜਾਗਰ ਕਰਦਾ ਹੈ। ਹੇਠਾਂ ਇਸ ਨਾਟਕ ਅਤੇ ਨਾਟਕਕਾਰ ਬਾਰੇ ਵਿਸਥਾਰ ਨਾਲ ਜਾਣਕਾਰੀ ਹੈ।

## ਨਾਟਕਕਾਰ ਡਾ. ਸਤੀਸ਼ ਕੁਮਾਰ ਵਰਮਾ ਬਾਰੇ

ਡਾ. ਸਤੀਸ਼ ਕੁਮਾਰ ਵਰਮਾ ਦਾ ਜਨਮ 4 ਸਤੰਬਰ 1955 ਨੂੰ ਸਨੌਰ (ਜ਼ਿਲ੍ਹਾ ਪਟਿਆਲਾ, ਪੰਜਾਬ) ਵਿੱਚ ਹੋਇਆ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਅਧਿਆਪਕ ਰਹੇ ਹਨ ਅਤੇ ਨੇ ਐੱਮ.ਏ. (ਹਿੰਦੀ, ਪੰਜਾਬੀ ਆਨਰਜ਼, ਅੰਗਰੇਜ਼ੀ), ਐੱਮ.ਫਿਲ. ਅਤੇ ਪੀਐੱਚ.ਡੀ. ਦੀਆਂ ਡਿਗਰੀਆਂ ਹਾਸਲ ਕੀਤੀਆਂ। ਉਹਨਾਂ ਨੂੰ ਪੰਜਾਬੀ ਰੰਗਮੰਚ ਵਿੱਚ ਚਾਰ ਦਹਾਕਿਆਂ (40 ਸਾਲਾਂ) ਦਾ ਯੋਗਦਾਨ ਮਿਲਿਆ ਹੈ,

ਡਾ. ਸਤੀਸ਼ ਕੁਮਾਰ ਵਰਮਾ ਪੰਜਾਬੀ ਨਾਟਕ ਦੀ ਚੌਥੀ ਪੀੜ੍ਹੀ ਦੇ ਸੁਪ੍ਰਸਿੱਧ ਨਾਟਕਕਾਰ ਹੋਣ ਦੇ ਨਾਲ-ਨਾਲ ਪ੍ਰਸਿੱਧ ਪੰਜਾਬੀ ਨਾਟ-ਆਲੋਚਕ, ਰੰਗਕਰਮੀ, ਮੰਚ ਸੰਚਾਲਕ, ਟੀ.ਵੀ. ਅਤੇ ਰੇਡੀਓ ਸਖ਼ਸੀਅਤ ਹਨ । ਡਾ. ਸਤੀਸ਼ ਕੁਮਾਰ ਵਰਮਾ ਦਾ ਪੰਜਾਬੀ ਸਾਹਿਤ ਵਿਸ਼ੇਸ਼ ਕਰਕੇ ਪੰਜਾਬੀ ਨਾਟਕ ਲਈ ਕੀਤਾ ਗਿਆ ਕੰਮ ਇਕ ਸੰਸਥਾ ਦੇ ਬਰਾਬਰ ਕੀਤਾ ਗਿਆ ਕੰਮ ਹੈ। ਡਾ. ਸਤੀਸ਼ ਕੁਮਾਰ ਵਰਮਾ ਨੇ ਆਲੋਚਨਾ ਦੀਆਂ ਕਿਤਾਬਾਂ ਤੋਂ ਇਲਾਵਾ 'ਦਾਇਰੇ', 'ਟਕੋਰਾਂ', 'ਮਸਲਾ ਪੰਜਾਬ ਦਾ', 'ਪਰਤ ਆਉਣ ਤੱਕ' ਅਤੇ 'ਲੋਕ ਮਨਾਂ ਦਾ ਰਾਜਾ' ਆਦਿ ਨਾਟਕ ਵੀ ਦਿੱਤੇ ਹਨ । ਡਾ. ਸਤੀਸ਼ ਕੁਮਾਰ ਵਰਮਾ ਦੇ ਇਹ ਨਾਟਕ ਪੰਜਾਬ ਦੇ ਪਿੰਡਾਂ ਤੋਂ ਇਲਾਵਾ ਪਟਿਆਲਾ, ਚੰਡੀਗੜ੍ਹ ਅਤੇ ਦਿੱਲੀ ਵਰਗੇ ਵੱਡੇ ਸ਼ਹਿਰਾਂ ਅਤੇ ਵਿਦੇਸ਼ਾਂ ਵਿਚ ਵੀ ਸਫ਼ਲਤਾ ਨਾਲ ਖੇਡੇ ਜਾ ਚੁੱਕੇ ਹਨ। ਡਾ. ਸਤੀਸ਼ ਕੁਮਾਰ ਵਰਮਾ ਦੀ ਨਾਟ-ਮੰਡਲੀ 'ਮੰਚਵਟੀ' ਨੇ ਭਾਰਤ ਤੋਂ ਇਲਾਵਾ ਨਾਰਵੇ, ਸਵੀਡਨ ਅਤੇ ਡੈਨਮਾਰਕ ਵਿੱਚ ਨਾਟ-ਪੇਸ਼ਕਾਰੀਆਂ ਕੀਤੀਆਂ ਹਨ।

'ਲੋਕ ਮਨਾਂ ਦਾ ਰਾਜਾ' (2004) ਡਾ. ਸਤੀਸ਼ ਕੁਮਾਰ ਵਰਮਾ ਦਾ ਲਿਖਿਆ ਬਹੁਵਿਧਾਈ ਨਾਟਕ ਹੈ ਜਿਸ ਵਿੱਚ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਲੋਕ-ਪੱਖੀ ਚਰਿੱਤਰ ਨੂੰ ਉਭਾਰਿਆ ਹੈ। ਡਾ. ਸਤੀਸ਼ ਕੁਮਾਰ ਵਰਮਾ 'ਆਦਿਕਾਂ' ਵਿੱਚ ਲਿਖਦੇ ਹਨ "ਮੇਰਾ ਰਣਜੀਤ ਸਿੰਘ ਉਹ ਹੈ ਜਿਹੜਾ ਸ਼ਾਇਦ ਇਤਿਹਾਸਕਾਰਾਂ ਦਾ ਨਾ ਹੋਵੇ । ਮੈਨੂੰ ਲਗਿਆ ਕਿ ਪੰਜਾਬੀਆਂ ਦੇ ਮਨ ਵਿਚ ਪਏ ਰਣਜੀਤ ਸਿੰਘ ਦੇ ਬਿੰਬ ਨੂੰ ਨਾਟਕ ਰੂਪ ਦੇਣਾ ਜ਼ਰੂਰੀ ਹੈ । ਇਸੇ ਲਈ ਮੈਂ ਨਾਟਕ ਦਾ ਨਾਂ 'ਲੋਕ ਮਨਾਂ ਦਾ ਰਾਜਾ' ਰੱਖਿਆ ਹੈ, ਉਹ ਰਾਜਾ ਨਹੀਂ ਜੋ ਇਤਿਹਾਸ ਵਿਚ ਹੈ, ਜਿਸ ਨੇ ਇਕ ਖਾਸ ਸਮਾਂ-ਸੀਮਾ ਦੌਰਾਨ ਪੰਜਾਬ ਦੇ ਤਖਤ ਤੇ ਰਾਜ ਕੀਤਾ। "1" ਇਉਂ ਡਾ. ਸਤੀਸ਼ ਕੁਮਾਰ ਵਰਮਾ ਦਾ ਮਹਾਰਾਜਾ ਰਣਜੀਤ ਸਿੰਘ ਉਹ ਹੈ ਜੋ ਲੋਕਾਂ ਦੇ ਦਿਲਾਂ/ਮਨਾਂ ਅੰਦਰ ਵੱਸਿਆ ਹੋਇਆ ਹੈ। 'ਲੋਕ ਮਨਾਂ ਦਾ ਰਾਜਾ' ਨਾਟਕ ਵਿੱਚ ਨਾਟਕਕਾਰ ਨੇ ਉਨ੍ਹਾਂ ਘਟਨਾਵਾਂ ਨੂੰ ਪੇਸ਼ ਕੀਤਾ ਹੈ ਜੋ ਮਹਾਰਾਜਾ ਰਣਜੀਤ ਸਿੰਘ ਬਾਰੇ ਦੰਦ ਕਥਾਵਾਂ ਦੇ ਰੂਪ ਵਿੱਚ ਲੋਕਾਂ ਵਿੱਚ ਪ੍ਰਚੱਲਿਤ ਹਨ। ਇਸ ਨਾਟਕ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਲੋਕ-ਹਿਤੈਸ਼ੀ, ਸੱਚੇ ਹਮਦਰਦ, ਧਰਮ-ਨਿਰਪੱਖ ਅਤੇ ਪਰਜਾ-ਪਾਲਕ ਰਾਜੇ ਵਜੋਂ ਬਿੰਬ ਉਘੜਦਾ ਹੈ ।

ਇਸ ਨਾਟਕ ਦੀ ਸ਼ੁਰੂਆਤ ਲੋਕ-ਨਾਟ ਸ਼ੈਲੀ ਰਾਹੀਂ ਹੁੰਦੀ ਹੈ। ਸ਼ੁਰੂਆਤ ਵਿੱਚ ਢਾਡੀ, ਸੂਤਰਧਾਰ ਅਤੇ ਸੰਗੀਤ ਮੰਡਲੀ ਦੁਆਰਾ ਮਹਾਰਾਜਾ ਰਣਜੀਤ ਸਿੰਘ ਦਾ ਲੋਕ-ਨਾਇਕ ਬਿੰਬ ਉਸਾਰਿਆ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਕਹਾਣੀ ਨੂੰ ਅੱਗੇ ਤੋਰਨ ਲਈ ਨਟ-ਨਟੀ ਵੀ ਆਉਂਦੇ ਹਨ। ਜੋ ਕਹਾਣੀ ਨੂੰ ਅੱਗੇ ਤੋਰਨ ਦੇ ਨਾਲ-ਨਾਲ ਵਿਅੰਗ ਵੀ ਕਰਦੇ ਹਨ। ਨਾਟਕਕਾਰ ਨਾਟਕ ਦੇ ਸ਼ੁਰੂ ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਦੁਆਰਾ ਪੰਜਾਬੀਆਂ ਦਾ ਆਪਣਾ ਰਾਜ ਕਾਇਮ ਕਰਨਾ, ਪੰਜਾਬ ਦੀ ਉਪਜਾਊ ਧਰਤੀ ਦੀ ਸਿਫ਼ਤ, ਪੰਜਾਬੀਆਂ ਦੀ ਧਾਰਮਿਕ ਨਿਰਪੱਖਤਾ, ਬਰਾਬਰੀ, ਨਿਡਰਤਾ, ਜ਼ੁਲਮ ਦਾ ਮੁਕਾਬਲਾ ਕਰਨਾ, ਮੰਗ ਕੇ ਨਾ ਖਾਣ, ਹੱਸਦਿਆਂ-ਖੇਡਦਿਆਂ ਜੀਵਨ ਜਿਉਣ, ਹੱਕਾਂ ਲਈ ਲੜਣ ਆਦਿ ਨੂੰ ਕਾਵਿਕ-ਰੂਪ ਵਿੱਚ ਪੇਸ ਕੀਤਾ ਹੈ।

ਨਾਟਕ ਵਿੱਚ ਪਹਿਲੀ ਘਟਨਾ ਦੁਆਰਾ ਮਹਾਰਾਜਾ ਰਣਜੀਤ ਸਿੰਘ ਦੀ ਨਿਡਰਤਾ ਨੂੰ ਪੇਸ਼ ਕੀਤਾ ਗਿਆ ਹੈ। ਅਟਕ ਦਰਿਆ ਤੇ ਬਣਿਆ ਪੁਲ ਅਫ਼ਗਾਨਾ ਦੁਆਰਾ ਤੋੜ ਦਿੱਤਾ ਜਾਂਦਾ ਹੈ। ਅਟਕ ਦਰਿਆ ਚੜ੍ਹਿਆ ਹੋਣ ਕਾਰਨ ਪਾਰ ਕਰਨਾ ਔਖਾ ਹੈ। ਪ੍ਰੰਤੂ ਮਹਾਰਾਜਾ ਰਣਜੀਤ ਸਿੰਘ ਆਪ ਸਭ ਤੋਂ ਮੂਹਰੇ ਹੋ ਕੇ ਅਟਕ ਦਰਿਆ ਪਾਰ ਕਰਦੇ ਹਨ :

ਅਟਕ ਦਰਿਆ ਨਾ ਅਟਕਿਆ ਰਹਿ ਸਕਿਆ.

ਸ਼ੇਰੇ ਪੰਜਾਬ ਨੇ ਜਦੋਂ ਸੀ ਪੈਰ ਪਾਏ।

ਠਾਠਾਂ ਮਾਰਨਾ ਸੁਕਣਾ ਹਰਨ ਹੋਇਆ,

ਸਮਾਂ ਆਖਦਾ ਜੁਗ ਕੁ ਠਹਿਰ ਵਾਏ।

ਜਿਹਨਾਂ ਸੀਸ ਤਲੀ ਤੇ ਰੱਖਿਆ ਏ,

ਉਹਨਾਂ ਅੱਗੇ ਕੀ ਆਖਦੀ ਲਹਿਰ ਮਾਏ,

ਸਿਦਕ, ਸਬਰ, ਸਿਰੜ ਤੇ ਕਦਮ ਸਾਬਤ,

ਰਲਦੇ ਜਦੋਂ ਤਾਂ ਭੱਜਦਾ ਕਹਿਰ ਜਾਏ.... ।2

ਮਹਾਰਾਜਾ ਰਣਜੀਤ ਸਿੰਘ ਨਿਡਰ ਹੋ ਕੇ ਆਪ ਫ਼ੌਜ ਦੀ ਅਗਵਾਈ ਕਰਦਾ ਹੈ ਅਤੇ ਅਟਕ ਦਰਿਆ ਨੂੰ ਪਾਰ ਕਰਦਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਨਿਡਰਤਾ ਤੋਂ ਇਲਾਵਾ ਮਹਾਰਾਜੇ ਦਾ ਜਾਨਵਰਾਂ ਪ੍ਰਤਿ ਪਿਆਰ ਵੀ ਪੇਸ਼ ਕੀਤਾ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਇਹ ਦੇਖ ਕੇ ਕਿ ਇਕ ਸ਼ੇਰਨੀ ਦਾ ਬੱਚਾ ਪਿੰਜਰੇ ਵਿੱਚ ਕੈਦ ਹੈ ਅਤੇ ਸ਼ੇਰਨੀ ਆਪਣੇ ਬੱਚੇ ਕੋਲ ਆਉਣਾ ਚਾਹੁੰਦੀ ਹੈ। ਮਹਾਰਾਜਾ ਰਣਜੀਤ ਸਿੰਘ ਜੇ ਚਾਹੁੰਦੇ ਤਾਂ ਸ਼ੇਰਨੀ ਨੂੰ ਫੜ ਵੀ ਸਕਦੇ ਸਨ ਪਰੰਤੂ ਮਹਾਰਾਜਾ ਰਣਜੀਤ ਸਿੰਘ ਬੱਚੇ ਨੂੰ ਛੱਡਣ ਦਾ ਹੁਕਮ ਦਿੰਦੇ ਹਨ, ਕਿਉਂਕਿ ਮਹਾਰਾਜਾ ਰਣਜੀਤ ਸਿੰਘ ਅਨੁਸਾਰ :

ਮਹਾਰਾਜਾ : (ਥੋੜਾ ਸਖਤੀ ਨਾਲ) ਨਹੀਂ ਜਿਵੇਂ ਮੈਂ ਕਹਿ ਰਿਹਾ ਹਾਂ ਉਵੇਂ ਕੀਤਾ ਜਾਵੇ।

(ਫਿਰ ਪਿਆਰ ਨਾਲ ਸਮਝਾਉਂਦੇ ਹੋਏ) ਸ਼ੇਰਨੀ ਦੀ ਤਾਂ ਆਖਰ ਮਾਂ ਹੈ

ਤੇ ਮਾਂ ਦੇ ਪਿਆਰ ਨਾਲੋਂ ਪਵਿਤਰ ਚੀਜ਼ ਇਸ ਦੁਨੀਆਂ (ਵਿੱਚ) ਕੋਈ ਨਹੀਂ ।

ਫਿਰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਮਾਂ ਇਨਸਾਨ ਦੀ ਹੈ ਜਾਂ

ਜਾਨਵਰ ਦੀ । 3

ਇਸ ਘਟਨਾ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਕੋਮਲ ਦਿਲ ਹੋਣ ਦਾ ਪਤਾ ਚੱਲਦਾ ਹੈ। ਜੋ ਇਨਸਾਨਾਂ ਦੇ ਨਾਲ-ਨਾਲ ਜਾਨਵਰਾਂ ਪ੍ਰਤਿ ਵੀ ਉਨ੍ਹਾਂ ਹੀ ਮੋਹ ਰੱਖਦੇ ਹਨ ਅਤੇ ਸਭ ਨੂੰ ਬਰਾਬਰ ਦਾ ਦਰਜਾ ਦਿੰਦੇ ਹਨ।

ਮਹਾਰਾਜਾ ਰਣਜੀਤ ਸਿੰਘ ਇਕ ਧਰਮ ਨਿਰਪੱਖ ਰਾਜਾ ਸਨ. ਜਿਸ ਗੱਲ ਦਾ ਪਤਾ ਨਾਟਕ ਵਿੱਚ ਪੇਸ਼ ਹੋਈ ਇਕ ਘਟਨਾ ਤੋਂ ਲੱਗ ਜਾਂਦਾ ਹੈ। ਕੁਝ ਸਿੱਖ ਮਹਾਰਾਜਾ ਕੋਲ ਫਰਿਆਦ ਲੈ ਕੇ ਆਉਂਦੇ ਹਨ ਕਿ ਮੁਸਲਮਾਨਾਂ ਦੁਆਰਾ ਨਮਾਜ਼ ਪੜ੍ਹਨ ਸਮੇਂ ਦਿੱਤੀ ਜਾਂਦੀ ਬਾਗ ਕਾਰਨ ਉਹ ਪ੍ਰੇਸ਼ਾਨ ਹਨ। ਮਹਾਰਾਜਾ ਬੜੀ ਸਿਆਣਪ ਨਾਲ ਇਸ ਗੱਲ ਦਾ ਨਿਪਟਾਰਾ ਕਰ ਦਿੰਦੇ ਹਨ ਅਤੇ ਧਰਮ ਨਿਰਪੱਖਤਾ ਸਬੂਤ ਦਿੰਦੇ ਹੋਏ ਫੈਸਲਾ ਮੁਸਲਮਾਨਾਂ ਦੇ ਹੱਕ ਵਿੱਚ ਕਰ ਦਿੰਦੇ ਹਨ। ਦੂਜਾ ਧਰਮ ਨਿਰਪੱਖਤਾ ਦਾ ਸਬੂਤ ਇਕ ਮੁਸਲਮਾਨ ਫ਼ਕੀਰ ਦੁਆਰਾ ਲਿਖੀ ਪਵਿੱਤਰ ਪੁਸਤਕ ਦਾ ਉਸ ਨੂੰ 10 ਹਜ਼ਾਰ ਰੁਪਏ ਦੇ ਕੇ ਦਿੰਦੇ ਹਨ। ਇਸ ਪਵਿੱਤਰ ਪੁਸਤਕ ਨੂੰ ਕੋਈ ਵੀ ਰਾਜਾ (ਮੁਸਲਮਾਨ ਵੀ ਨਹੀਂ) ਨਹੀਂ ਖਰੀਦਦਾ, ਪਰ ਮਹਾਰਾਜਾ ਰਣਜੀਤ ਸਿੰਘ ਮਿਹਨਤ ਬਦਲੇ ਫ਼ਕੀਰ ਨੂੰ 10 ਹਜ਼ਾਰ ਰੁਪਏ ਦੇ ਕੇ ਧਰਮ-ਨਿਰਪੱਖ ਅਤੇ ਦਿਆਲੂ ਹੋਣ ਦਾ ਸਬੂਤ ਦਿੰਦੇ ਹਨ।

ਮਹਾਰਾਜਾ ਰਣਜੀਤ ਸਿੰਘ ਦਾ ਲੋਕ-ਪੱਖੀ ਬਿੰਬ ਬੱਚਿਆਂ ਵਾਲੀ ਘਟਨਾ ਅਤੇ ਬੁੱਢੀ ਔਰਤ ਵਾਲੀ ਘਟਨਾ ਤੋਂ ਵੀ ਮਿਲਦਾ ਹੈ। ਬੇਰੀ ਤੋਂ ਬੇਰ ਤੋੜਦੇ ਬੱਚਿਆਂ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਰੋੜਾ ਵੱਜਦਾ ਹੈ। ਮਹਾਰਾਜਾ ਬੱਚਿਆਂ ਨੂੰ ਸਜ਼ਾ ਦੇਣ ਦੀ ਬਜਾਏ, ਉਨ੍ਹਾਂ ਨੂੰ

ਪੈਸੇ ਦਿੰਦੇ ਹੋਏ ਕਹਿੰਦੇ ਹਨ :

ਮਹਾਰਾਜਾ : ਨਹੀਂ ਸੈਨਾਪਤੀ ਇਹ ਮਾਸੂਮ ਕਲੀਆਂ ਹਨ,

ਇਹਨਾਂ ਦਾ ਇਸ ਵਿਚ ਕੋਈ ਕਸੂਰ ਨਹੀਂ ।

ਵੈਸੇ ਵੀ, ਜੇ ਇਕ ਬੇਰੀ ਅਨੇਕਾਂ ਪੱਥਰ ਖਾ ਕੇ ਇਹਨਾਂ ਨੂੰ

ਮਿੱਠੇ ਬੇਰ ਦੇ ਸਕਦੀ ਹੈ ਤਾਂ ਅਸੀਂ ਇਕ ਪੱਥਰ ਖਾ ਕੇ ਇਹਨਾਂ ਨੂੰ

ਕੁਝ ਨਹੀਂ ਦੇ ਸਕਦੇ ? ਅਸੀਂ ਇਕ ਮਾਮੂਲੀ ਬੇਰੀ ਨਾਲੋਂ ਗਏ ਗੁਜ਼ਰੇ ਤਾਂ ਨਹੀਂ

। "4"

ਇਸੇ ਤਰ੍ਹਾਂ ਇਕ ਬੁੱਢੀ ਔਰਤ ਮਹਾਰਾਜਾ ਰਣਜੀਤ ਸਿੰਘ ਦੇ ਕੱਪੜਿਆਂ ਨਾਲ ਪਤੀਲਾ ਘਸਾ ਕੇ ਕੱਪੜੇ ਖ਼ਰਾਬ ਕਰ ਦਿੰਦੀ ਹੈ। ਮਹਾਰਾਜਾ ਦੇ ਪੁੱਛਣ ਤੇ ਬੁੱਢੀ ਔਰਤ ਕਹਿੰਦੀ ਹੈ ਕਿ ਮੈਂ ਸੁਣਿਆ ਹੈ ਕਿ ਪਾਰਸ ਨਾਲ ਲੱਗ ਕੇ ਲੋਹਾ ਸੋਨਾ ਬਣ ਜਾਂਦਾ ਹੈ, ਇਸ ਕਰਕੇ ਮੈਂ ਲੋਹੇ ਦਾ ਪਤੀਲਾ ਤੁਹਾਡੇ ਨਾਲ ਲਾਇਆ ਹੈ ਤਾਂ ਕਿ ਇਹ ਸੋਨੇ ਦਾ ਬਣ ਜਾਵੇ । ਮਹਾਰਾਜਾ ਇਹ ਸੁਣ ਦੇ ਔਰਤ ਦਾ ਪਤੀਲਾ ਸੋਨੇ ਨਾਲ ਭਰ ਦਿੰਦੇ ਹਨ। ਇਹਨਾਂ ਘਟਨਾਵਾਂ ਤੋਂ ਮਹਾਰਾਜਾ ਰਣਜੀਤ ਸਿੰਘ ਦਾ ਦਿਆਲੂ ਰਾਜੇ ਵਾਲਾ ਬਿੰਬ ਉਭਰਦਾ ਹੈ।

ਮਹਾਰਾਜਾ ਰਣਜੀਤ ਸਿੰਘ ਸਭ ਨੂੰ ਬਰਾਬਰੀ ਦਾ ਦਰਜਾ ਦੇਣ ਵਾਲੇ ਅਤੇ ਲੋਕਤੰਤਰ ਵਿੱਚ ਵਿਸ਼ਵਾਸ ਰੱਖਣ ਵਾਲੇ ਰਾਜਾ ਸਨ । ਮਹਾਰਾਜਾ ਰਣਜੀਤ ਸਿੰਘ ਆਪਣੇ ਆਪ ਨੂੰ ਸਰਵ-ਉੱਚ ਨਹੀਂ ਸਮਝਦੇ ਸਨ। ਉਨ੍ਹਾਂ ਅਨੁਸਾਰ ਕੋਈ ਵੀ ਇਨਸਾਨ ਜਲਦੀ ਕਰ ਸਕਦਾ ਹੈ।ਇਸ ਗੱਲ ਦਾ ਸਬੂਤ ਸਾਨੂੰ ਨਾਟਕ ਵਿੱਚਲੀ ਘਟਨਾ ਤੋਂ ਮਿਲਦਾ ਹੈ। ਜਿਸ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਸਭ ਨੂੰ ਬਰਾਬਰ ਸਮਝਦੇ ਹਨ ਅਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦੇ ਵਿਚਾਰਾਂ ਅਨੁਸਾਰ ਲੋਕਤੰਤਰ ਵਿੱਚ ਵਿਸ਼ਵਾਸ ਕਰਦੇ ਹਨ:

ਮਹਾਰਾਜਾ : ਜੇ ਗੁਰੂ ਨਾਨਕ ਨੇ ਪੰਚ ਪਰਵਾਣ ਪੰਚ ਪ੍ਰਧਾਨ

ਕਹਿ ਕੇ ਸੰਗਤ ਨੂੰ ਤੇ ਪੰਚਾਇਤ ਨੂੰ ਨਿਵਾਜ ਕੇ

ਲੋਕਤੰਤਰ ਦੀ ਨੀਂਹ ਰੱਖੀ ਤਾਂ ਉੱਥੇ ਗੁਰੂ ਗੋਬਿੰਦ ਸਿੰਘ

ਜੀ ਨੇ ਇਹ ਕਹਿਕੇ ਲੋਕ ਸ਼ਕਤੀ ਤੇ ਮੋਹਰ ਲਗਾਈ..

ਇਨਹੀਂ ਕੀ ਕਿਰਪਾ ਸੇ ਸਜੇ ਹਮ ਹੈਂ ਨਹੀਂ ਮੈ ਸੋ

ਗਰੀਬ ਕਰੋਰ ਪਰੇ ਹੈ । '5'

ਇਸ ਤਰ੍ਹਾਂ ਲੋਕ ਮਨਾਂ ਦੇ ਰਾਜਾਂ ਨਾਟਕ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਚਰਿੱਤਰ ਇਕ ਬਹਾਦਰ, ਕੋਮਲ ਦਿਲ, ਦਿਆਲੂ, ਧਰਮ ਨਿਰਪੱਖ, ਸਹਿਣਸ਼ੀਲਤਾ ਅਤੇ ਲੋਕਤੰਤਰ ਵਿਚ ਵਿਸ਼ਵਾਸ ਰੱਖਣ ਵਾਲੇ ਰਾਜੇ ਦੇ ਰੂਪ ਵਿਚ ਉਘਾੜਦਾ ਹੈ । ਡਾ. ਸਤੀਸ਼ ਕੁਮਾਰ ਵਰਮਾ ਅਨੁਸਾਰ "ਪੰਜਾਬੀਆਂ ਨੇ ਉਸਦੀ ਬਾਦਸ਼ਾਹਤ ਦੇ ਡਰ ਵਜੋਂ ਉਸ ਨੂੰ ਸਹੀ ਸਵੀਕਾਰਿਆ ਸਗੋਂ ਉਸਦੇ ਜੁਝਾਰੂ ਸੁਭਾਅ, ਨਿਡਰਤਾ, ਦਲੇਰੀ ਤੇ ਬਹਾਦਰੀ ਦੇ ਨਾਲ-ਨਾਲ ਉਸਦੀ ਸਹਿਣਸ਼ੀਲਤਾ, ਸ਼ਾਲੀਨਤਾ, ਲੋਕਪੱਖੀ ਭਾਵਨਾਵਾਂ ਅਤੇ ਖੂਬਸੂਰਤੀ ਕਰਕੇ ਇਸ ਨੂੰ ਆਪਣੇ ਦਿਲਾਂ ਵਿਚ ਵਸਾਇਆ। ਇਸੇ ਲਈ ਮਹਾਰਾਜਾ ਰਣਜੀਤ ਸਿੰਘ ਦਾ ਲੋਕ-ਬਿੰਬ ਇਕ ਧਰਮ-ਨਿਰਪੱਖ ਤੇ ਪਰਜਾ-ਮੁਖ ਰਾਜੇ ਦਾ ਹੈ। "6" ਮਹਾਰਾਜਾ ਰਣਜੀਤ ਸਿੰਘ ਲੋਕ-ਪੱਖੀ ਹੁੰਦੇ ਹੋਏ ਵੀ ਇਕ ਉੱਤਮ ਰਾਜਾ ਹੋਏ ਹਨ। ਜਿਸ ਨੇ ਆਪਣੇ ਕੌਂਸਲ ਦੁਆਰਾ 39 ਸਾਲ ਪੰਜਾਬ ਤੇ ਰਾਜ ਕੀਤਾ।

ਡਾ. ਸਤੀਸ਼ ਕੁਮਾਰ ਵਰਮਾ ਨੇ ਮਹਾਰਾਜਾ ਰਣਜੀਤ ਸਿੰਘ ਦੇ ਲੋਕ ਪੱਖੀ ਬਿੰਬ ਉਭਾਰਨ ਤੋਂ ਇਲਾਵਾ ਮਹਾਰਾਜਾ ਦੀ ਮੌਤ ਤੋਂ ਬਾਅਦ ਦੇ 10 ਸਾਲਾਂ ਦੇ ਬੁਰਛਾ ਗਰਦੀ ਵਾਲੇ ਰਾਜ ਨੂੰ ਵੀ ਪੇਸ਼ ਕੀਤਾ ਹੈ। ਨਾਟਕਕਾਰ ਅਨੁਸਾਰ "ਜੇ ਰਣਜੀਤ ਸਿੰਘ ਦੀ ਵਿਰਾਸਤ ਨੂੰ ਸਾਂਭਿਆ ਜਾਂਦਾ ਤਾਂ ਨਾ ਕੇਵਲ ਪੰਜਾਬ ਬਲਕਿ ਭਾਰਤ ਦਾ ਇਤਿਹਾਸ ਹੀ ਬਦਲ ਜਾਣਾ ਸੀ। ”7"

ਡਾ. ਸਤੀਸ਼ ਕੁਮਾਰ ਵਰਮਾ ਨੇ ਮਹਾਰਾਜਾ ਰਣਜੀਤ ਸਿੰਘ ਦੇ ਕਿਰਦਾਰ ਨੂੰ ਉਭਾਰਨ ਲਈ ਸ਼ਾਹ ਮਹੁੰਮਦ ਦੇ ਜੰਗਨਾਮੇ ਵਿਚੋਂ ਕਾਵਿ-ਟੁਕਾਂ ਦੀ ਵਰਤੋਂ ਤੋਂ ਇਲਾਵਾ ਆਪ ਵੀ ਕਾਵਿ-ਟੁਕਾਂ ਰਚੀਆਂ ਹਨ, ਜਿਨ੍ਹਾਂ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਕਿਰਦਾਰ ਉਭਰਵੇਂ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਸ ਤੋਂ ਇਲਾਵਾ ਢਾਡੀ, ਮਰਾਸੀ ਅਤੇ ਨਟ-ਨਟੀ ਆਦਿ ਵੀ ਵਰਤੋਂ ਦੁਆਰਾ ਵੀ ਮਹਾਰਾਜਾ ਰਣਜੀਤ ਸਿੰਘ ਦਾ ਲੋਕ-ਪੱਖੀ ਕਿਰਦਾਰ ਭਰਪੂਰ ਰੂਪ ਵਿਚ ਉਘੜਿਆ ਹੈ। ਨਾਟਕਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਚਰਿੱਤਰ ਨੂੰ ਉਭਾਰਨ ਲਈ ਸੈਨਾਪਤੀ, ਫ਼ਕੀਰ, ਅਮਰ ਸਿੰਘ, ਬੁੱਢੀ, ਨੂਰ-ਉਦ-ਦੀਨ ਆਦਿ ਪਾਤਰਾਂ ਨੂੰ ਵੀ ਬਾਖੂਬੀ ਚਿਤਰਿਆ ਹੈ। ਇਹ ਪਾਤਰ ਨਾਟਕ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਲੋਕ-ਪੱਖੀ ਚਰਿੱਤਰ ਨੂੰ ਉਭਾਰਨ ਵਿੱਚ ਮਦਦ ਕਰਦੇ ਹਨ।

ਇਸ ਪ੍ਰਕਾਰ 'ਵੱਥ' ਦੀ ਦ੍ਰਿਸ਼ਟੀ ਤੋਂ ਡਾ. ਸਤੀਸ਼ ਕੁਮਾਰ ਵਰਮਾ ਦਾ ਨਾਟਕ 'ਲੋਕ ਮਨਾਂ ਦਾ ਰਾਜਾ' ਮਹਾਰਾਜਾ ਰਣਜੀਤ ਸਿੰਘ ਨੂੰ ਉਸ ਰੂਪ ਵਿੱਚ ਪੇਸ਼ ਨਹੀਂ ਕਰਦਾ ਜੋ ਰੂਪ ਇਤਿਹਾਸਕਾਰ ਦੁਆਰਾ ਪੇਸ਼ ਕੀਤਾ ਗਿਆ ਹੈ। ਬਲਕਿ ਇਸ ਨਾਟਕ ਦੁਆਰਾ ਮਹਾਰਾਜਾ ਰਣਜੀਤ ਸਿੰਘ ਦੇ ਚਰਿੱਤਰ ਦੇ ਉਨ੍ਹਾਂ ਪੱਖਾਂ ਨੂੰ ਚਿੱਤਰਿਆ ਗਿਆ ਹੈ, ਜੋ ਪੱਖ ਮਹਾਰਾਜਾ ਰਣਜੀਤ ਸਿੰਘ ਨੂੰ ਲੋਕ-ਨਾਇਕ ਬਣਾਉਂਦੇ ਹਨ। ਇਸ ਨਾਟਕ ਦਾ ਮਹਾਰਾਜਾ ਰਣਜੀਤ ਸਿੰਘ ਇਤਿਹਾਸਕ ਰਾਜਾ ਨਹੀਂ ਹੈ, ਬਲਕਿ 'ਲੋਕ ਮਨਾਂ ਦਾ ਰਾਜਾ ਹੈ। ਇਸ ਵੱਥ ਨੂੰ ਕੱਥ ਦਾ ਜਾਮਾ ਪਹਿਨਾਉਂਦਿਆਂ ਡਾ. ਸਤੀਸ਼ ਕੁਮਾਰ

ਵਰਮਾ ਨੇ 'ਬਹੁਵਿਧਾਈ ਪਾਠ ਦੀ ਸਿਰਜਣਾ ਕੀਤੀ ਹੈ। ਕਈ ਵਾਰ ਕੋਈ ਰਚਨਾ ਆਪਣੇ ਨਾਟ-ਵਸਤੂ ਪੱਖੋਂ ਏਨੀ ਬਲਵਾਨ ਹੁੰਦੀ ਹੈ ਕਿ ਉਸ ਨੂੰ ਰੂਪ-ਆਕਾਰ ਦਿੰਦਿਆਂ ਰੂਪ-ਆਕਾਰ ਦੀਆਂ ਪਰੰਪਰਕ ਜਕੜਬੰਦੀਆਂ ਟੁੱਟ ਜਾਂਦੀਆਂ ਹਨ । ਇਸ ਨਾਟਕ ਨਾਲ ਵੀ ਇੰਜ ਹੀ ਵਾਪਰਿਆ ਹੈ। ਲੇਖਕ ਨੇ ਮੂਲ ਰੂਪ ਵਿਚ 'ਰੋਸ਼ਨੀ ਤੇ ਆਵਾਜ਼' ਨਾਟਕ ਲਿਖਣਾ ਆਰੰਭਿਆ ਸੀ ਲੇਕਿਨ ਜਿਉਂ ਜਿਉਂ ਨਾਟਕ ਅੱਗੇ ਵਧਦਾ ਗਿਆ ਤਾਂ 'ਰੋਸ਼ਨੀ ਤੇ ਆਵਾਜ਼' ਦੀ ਰੂਪ ਜਕੜਬੰਦੀ ਟੁੱਟ ਗਈ ਤੇ ਨਾਟਕ ਨੇ ਇਕ ਨਵਾਂ ਰੂਪਾਤਮਕ ਪਾਠ ਵਜੋਂ ਆਕਾਰ ਗ੍ਰਹਿਣ ਕਰ ਲਿਆ ਜਿਸ ਦਾ ਲੇਖਕ ਨੇ 'ਬਹੁ ਵਿਧਾਈ ਨਾਟਕ' ਵਜੋਂ ਨਾਮਕਰਣ ਕਰ ਦਿੱਤਾ ।

ਇਸ ਪ੍ਰਕਾਰ ਇਸ ਨਾਟਕ ਨੂੰ ਇਕ ਬਹੁ ਵਿਧਾਈ ਪਾਠ ਵਜੋਂ ਗ੍ਰਹਿਣ ਕਰਕੇ ਹੀ ਇਸ ਦੇ ਪ੍ਰਸੰਗ ਨੂੰ ਸਮਝਿਆ ਜਾ ਸਕਦਾ ਹੈ ਜਿਹੜਾ ਪ੍ਰਸੰਗ ਪੰਜਾਬ ਦੇ ਇਤਿਹਾਸ ਦੇ ਇਕ ਵਿਸ਼ੇਸ਼ ਕਾਲਖੰਡ ਅਤੇ ਕਾਲ-ਖੰਡ ਵਿਚਲੀ ਇਕ ਵਿਸ਼ੇਸ਼ ਸ਼ਖ਼ਸੀਅਤ ਨਾਲ ਜੁੜਿਆ ਹੋਇਆ ਹੈ। ਇਹ ਨਾਟਕ ਪੰਜਾਬੀ ਸਾਹਿਤ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਇੱਕ ਨਵੇਂ ਅੰਦਾਜ਼ ਵਿੱਚ ਪੇਸ਼ ਕਰਦਾ ਹੈ ਅਤੇ ਵਰਮਾ ਜੀ ਦੇ ਯੋਗਦਾਨ ਨੂੰ ਉਜਾਗਰ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


**1. ਸਤੀਸ਼ ਕੁਮਾਰ ਵਰਮਾ, ਆਦਿਕਾ, ਲੋਕਮਨਾਂ ਦਾ ਰਾਜਾ, ਸ੍ਰੀ ਪ੍ਰਕਾਸ਼ਨ, ਦਿੱਲੀ, 2004, ਪੰਨਾ 10**

**2. ਸਤੀਸ਼ ਕੁਮਾਰ ਵਰਮਾ, ਲੋਕ ਮਨਾਂ ਦਾ ਰਾਜਾ, ਸ੍ਰੀ ਪ੍ਰਕਾਸ਼ਨ, ਦਿਲੀ, 2004, ਪੰਨਾ 18**

**3. ਉਹੀ, ਪੰਨਾ 22**

**4. ਉਹੀ, ਪੰਨਾ 28**

**5. ਉਹੀ, ਪੰਨਾ 30**

**6. ਉਹੀ, ਅੰਤਿਕਾ, ਪੰਨਾ 48**

**7. ਉਹੀ, ਪੰਨਾ 50**